Airo International Research Journal April, 2019
Volume XIX, ISSN: 2320-3714
Impact Factor 0.75 to 3.19

# ਮੱਧਕਾਲੀ ਸਾਹਿਤ ਅਤੇ ਨਾਰੀ ਚਿੰਤਨ

**ਡਾ. ਰੁਪਿੰਦਰ ਕੌਰ**
ਐਸੋਸੀਏਟ ਪ੍ਰੋਫੈਸਰ
ਪੰਜਾਬੀ ਵਿਭਾਗ, ਗੁਰੂ ਨਾਨਕ ਖਾਲਸਾ ਕਾਲਜ,
ਅਬੋਹਰ (ਪੰਜਾਬ)
ਈ-ਮੇਲ : hsandhu0003@gmail.com

**ਸ਼ੋਧ-ਆਲੇਖ ਸਾਰ**

ਮੱਧਕਾਲੀ ਸਾਹਿਤ ਗਿਆਨ ਭਰਪੂਰ, ਕ੍ਰਾਂਤੀਕਾਰੀ, ਯੁੱਗ ਪਲਟਾਊ ਅਤੇ ਪੁਰਾਤਨ ਮਿੱਥਾਂ ਨੂੰ ਤੋੜਨ ਵਾਲਾ ਹੈ। ਇਸ ਵਿੱਚ ਔਰਤ ਨੂੰ ਕਈ ਪੱਖਾਂ ਤੋਂ ਨੀਵਾਂ ਦਿਖਾਇਆ ਗਿਆ ਸੀ ਪਰੰਤੂ ਗੁਰਮਤਿ ਸਾਹਿਤ ਚਿੰਤਨ ਵਿੱਚ ਔਰਤ ਨੂੰ ਸਤਿਕਾਰ ਯੋਗ ਸਥਾਨ ਪ੍ਰਾਪਤ ਹੈ। ਉਸਨੂੰ ਮਰਦ ਦੇ ਬਰਾਬਰ ਦਾ ਦਰਜਾ ਹਾਸਿਲ ਹੈ। ਗੁਰੂਆਂ ਨੇ ਉਸਨੂੰ ਸਰਵ-ਸ੍ਰੇਸ਼ਟ ਅਤੇ ਰਾਜਿਆਂ ਨੂੰ ਜਨਮ ਦੇਣ ਵਾਲੀ ਕਹਿ ਕੇ ਸਤਿਕਾਰ ਦਿੱਤਾ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਔਰਤ ਦੀਨ-ਹੀਨ ਨਹੀਂ ਸਗੋਂ ਮਰਦ ਦੇ ਬਰਾਬਰ ਹੀ ਸਮਾਜ ਸਿਰਜਣ ਵਾਲੀ ਸਤਿਕਾਰਯੋਗ ਹਸਤੀ ਹੈ।

**ਮੁੱਖ ਸ਼ਬਦ : ਨਾਰੀ, ਸ਼ਿਵ-ਸ਼ਕਤੀ, ਨਾਇਕ, ਆਤਮਾ, ਸਤੀ, ਪ੍ਰਮਾਤਮਾ, ਗੁਰਮਤਿ, ਸ਼ਾਸਤਰ, ਆਮਦ।**

ਪੁਰਾਤਨ ਇਤਿਹਾਸ, ਮਿਥਿਹਾਸ ਧਰਮ ਤੇ ਦਰਸ਼ਨ ਨੂੰ ਵਾਚੀਏ ਤਾਂ ਨਾਰੀ ਨਰ ਦੇ ਨਾਲ ਹਮਕਦਮ ਹੈ। ਇਸਤਰੀ ਪੁਰਸ਼ ਦੇ ਸੰਬੰਧ ਤੋਂ ਹੀ ਸ੍ਰਿਸ਼ਟੀ ਦੀ ਸਿਰਜਣਾ ਹੋਈ ਹੈ। ਪੁਰਾਤਨ ਧਾਰਮਿਕ ਤੇ ਦਾਰਸ਼ਨਿਕ ਵਿਚਾਰਵਾਨ ਸੰਸਾਰ ਨੂੰ ਬ੍ਰਹਮ ਤੇ ਮਾਇਆ ਜਾਂ ਸ਼ਿਵ-ਸ਼ਕਤੀ ਅਥਵਾ ਪੁਰਸ਼ ਤੇ ਪ੍ਰਾਕ੍ਰਿਤੀ ਦੀ ਹੀ ਖੇਡ ਦੱਸਦੇ ਆਏ ਹਨ। ਸ੍ਰਿਸ਼ਟੀ ਦਾ ਮੂਲ ਕਾਰਨ ਨਰ-ਨਾਰੀ ਤੱਤ ਹੀ ਵੱਖ-ਵੱਖ ਦਰਸ਼ਨਾਂ ਤੇ ਮੱਤਾਂ ਵਿੱਚ ਵੱਖ-ਵੱਖ ਨਾਵਾਂ ਨਾਲ ਜਾਣਿਆ ਗਿਆ :

> ਕਹਿੰਦੇ ਹਨ ਰਚਨਾ ਤੋਂ ਪਹਿਲਾ ਪਰਮਾਤਮਾ ਆਤਮਲੀਨ ਸੀ। ਉਦੋਂ ਉਹ ਏਕਾਕਾਰ ਹੋਣ ਕਾਰਨ ਕੇਵਲ ਆਪਣੇ ਆਪ ਦੇ ਰੰਗ ਵਿੱਚ ਸੀ। ਜਦ ਉਸਨੂੰ ਆਤਮ ਪ੍ਰੇਮ ਵਿਸਤ੍ਰਿਤ ਕਰਨ ਤੇ ਬਾਹਰੀ ਰੂਪ ਵਿੱਚ ਅਨੁਭਵ ਕਰਨ ਦੀ ਇੱਛਾ ਹੋਈ ਤਾਂ ਉਸਨੇ ਅਭਾਵ ਤੋਂ ਭਾਵ ਨੂੰ ਮੂਰਤਮਾਨ ਕੀਤਾ। ਉਹ ਇੱਕ ਤੋਂ ਨਰ-ਮਾਦੇ ਦੇ ਰੂਪ ਵਿੱਚ ਦੋ ਹੋਇਆ। ਦੋਹਾਂ ਦੇ ਸੰਬੰਧ ਨਾਲ ਪ੍ਰਾਣੀ ਜਗਤ ਹੋਂਦ ਵਿੱਚ ਵਿਸਤ੍ਰਿਤ ਹੋ ਕੇ ਇੱਕ ਤੋਂ ਅਨੇਕ ਹੋਇਆ।[1]

ਹਿੰਦੂ ਗ੍ਰੰਥਾਂ ਵਿੱਚ ਵੀ ਇਸ ਪ੍ਰਤੀ ਕਾਫੀ ਕੁੱਝ ਲਿਖਿਆ ਗਿਆ ਹੈ। ਬ੍ਰਿਹਦਾਰਣਯੱਕ ਉਪਨਿਸ਼ਦ ਵਿੱਚ ਲਿਖਿਆ ਹੈ ਕਿ :

> ਪਹਿਲਾਂ ਸਭ ਆਤਮਾ ਹੀ ਸੀ। ਉਸਦਾ ਆਕਾਰ ਪੁਰਸ਼ ਵਰਗਾ ਸੀ। ਉਸਨੂੰ ਕੋਈ ਡਰ ਭੈਅ ਨਹੀਂ ਸੀ। ਪਰ ਇਕੱਲੇ ਰਹਿਣ ਵਿੱਚ ਆਨੰਦ ਦੀ ਪ੍ਰਾਪਤੀ ਨਹੀਂ ਸੀ। ਉਸਨੇ ਦੂਸਰੇ ਦੀ ਚਾਹਨਾ ਕੀਤੀ। ਆਪਣੇ-ਆਪ ਨੂੰ ਦੋ ਭਾਗਾਂ ਵਿੱਚ ਵੰਡਿਆ ਜਿਸ ਤੋਂ ਨਰ-ਨਾਰੀ ਅਥਵਾ ਪਤੀ-ਪਤਨੀ ਬਣੇ।[2]

ਪੰਜਾਬੀ ਸਾਹਿਤ ਵਿੱਚ ਆਦਿ ਕਾਲ ਤੋਂ ਹੀ ਨਾਰੀ ਚਿੰਤਨ ਦਾ ਵਿਸ਼ਾ ਵਿਦਮਾਨ ਰਿਹਾ ਹੈ। ਨਾਥਾਂ ਜੋਗੀਆਂ ਤੇ ਪੰਜਾਬੀ ਸਾਹਿਤ ਦਾ ਮੁੱਢ ਬੱਝਿਆ। ਨਾਥਾਂ ਜੋਗੀਆਂ ਨੇ ਆਪਣੀ ਰਚਨਾ ਵਿੱਚ ਔਰਤ ਨੂੰ ਅਧਿਆਤਮਕ ਮਾਰਗ ਵਿੱਚ ਬੰਧਨ ਮੰਨਿਆ। ਨਾਥਾਂ ਅਤੇ ਜੋਗੀਆਂ ਨੇ ਔਰਤ ਨੂੰ ਬਾਘਣ, ਨਾਗਣ, ਨਰਕ ਪਹੁੰਚਾਉਣ ਵਾਲੀ ਕਹਿ ਕੇ ਨਿੰਦਿਆ ਤੇ ਨਾਰੀ ਨੂੰ ਮੱਥੇ ਲਾਉਣ ਤੋਂ ਵੀ ਗੁਰੇਜ ਕੀਤਾ।

ਨਾਥਾਂ ਜੋਗੀਆਂ ਵਿੱਚ ਗੋਰਖਨਾਥ, ਚਰਪਟ ਨਾਥ ਤੇ ਚਰੰਗੀ ਨਾਥ ਆਦਿ ਦੀ ਕਵਿਤਾ ਪ੍ਰਾਪਤ ਹੁੰਦੀ ਹੈ। ਉਨ੍ਹਾਂ ਨੇ ਔਰਤ ਨੂੰ ਬੜੀ ਘਿਰਣਾ ਨਾਲ ਦੇਖਿਆ ਹੈ :

> ਨਿਰਗੁਣ ਨਾਰੀ ਸੂੰ ਨੇਹ ਕਰੰਤਾਂ ਝਬਕੇ ਰੈਣਿ ਬਿਹਾਂਣੀ ਜੀ।
>
> ਡਾਲ ਨ ਮੂਲ ਪਤ੍ਰ ਨਾਹੀ ਛਾਇਆ। ਬਿਣ ਜਲ ਪਿਗੁਲਾ ਸੀਚੈ ਜੀ।[3]

ਇਸ ਤਰ੍ਹਾਂ ਨਾਥ ਜੋਗੀਆਂ ਨੇ ਔਰਤ ਨੂੰ ਅਤਿ ਘਿਰਣਾ ਦੀ ਦ੍ਰਿਸ਼ਟੀ ਨਾਲ ਦੇਖਿਆ। ਮੱਧਕਾਲ ਦੀ ਕਿੱਸਾ ਕਾਵਿ-ਧਾਰਾ ਵਿੱਚ ਵੀ ਔਰਤ ਨੂੰ ਘਟੀਆ, ਧੋਖੇਬਾਜ਼ ਤੇ ਨੀਚ ਦਰਸਾਇਆ ਗਿਆ ਹੈ। ਮੱਧਕਾਲ ਦਾ ਯੁੱਗ ਜਗੀਰਦਾਰੀ ਪ੍ਰਬੰਧ ਦਾ ਧਾਰਨੀ ਸੀ। ਮੱਧਕਾਲ ਦੇ ਕਿੱਸਾਕਾਰ ਜਗੀਰਦਾਰੀ ਸਮਾਜਕ ਵਿਵਸਥਾ ਦੀ ਨਾਰੀ ਵਿਰੋਧੀ ਵਿਚਾਰਧਾਰਾ ਨੂੰ ਪ੍ਰਸਤੁਤ ਕਰਦੇ ਹੀ ਨਜ਼ਰ ਆਉਂਦੇ ਹਨ। ਕਿੱਸਾਕਾਰਾਂ ਨੇ ਨਾਰੀ ਨੂੰ ਹੱਦ ਦਰਜੇ ਦੀ ਅਪਭਾਸ਼ਾ ਦੁਆਰਾ ਨਿੰਦਿਆ ਹੈ। ਮੱਧਕਾਲ ਵਿੱਚ ਹੀਰ-ਰਾਂਝਾ ਪ੍ਰਤੀਨਿੱਧ ਪ੍ਰੀਤ ਨਾਇਕ ਹਨ। ਕਿੱਸਾ ਕਾਵਿ ਧਾਰਾ ਦਾ ਮੋਢੀ ਦਮੋਦਰ ਹੈ। ਹੀਰ-ਰਾਂਝਾ ਦੀ ਕਥਾ ਨੂੰ ਸਿਖਰ ਤੇ ਪਹੁੰਚਾਉਣ ਵਾਲਾ ਵਾਰਿਸ ਸ਼ਾਹ ਹੈ। ਉਸ ਨੇ ਔਰਤ ਦੀ ਨਿੰਦਾ ਮਿਥਿਹਾਸਕ ਹਵਾਲਿਆਂ ਰਾਹੀਂ ਕੀਤੀ ਹੈ :

> ਤੁਸੀ ਛੱਤਰੇ ਮਰਦ ਬਣਾ ਦਿੱਤੇ, ਸੱਪ ਰਸੀਆਂ ਦੇ ਕਰੋ ਡਾਰੀਓ ਨੀ।
>
> ਰਾਜੇ ਭੋਜ ਦੇ ਮੁੱਖ ਲਗਾਮ ਦੇ ਕੇ, ਚੜ੍ਹ ਦੌੜੀਆਂ ਹੋ ਟੂਣੇਹਾਰੀਓ ਨੀ।
>
> ਕੌਰਵ ਪਾਂਡਵਾਂ ਦੀ ਸਫਾ ਗਾਲ ਸੁੱਟੀ, ਜਰਾ ਗੱਲ ਦੇ ਨਾਲ ਬੁਰਿਆਰਿਓ ਨੀ।[4]

ਵਾਰਿਸ ਨੇ ਔਰਤ ਨੂੰ 'ਲੜਾਈ ਕਰਵਾਉਣ ਵਾਲੀ', 'ਝੂਠੀ', 'ਫਰੇਬੀ', 'ਟੂਣੇਹਾਰੀ', 'ਜੰਗ ਕਰਵਾਉਣ ਵਾਲੀ' ਅਤੇ ਜਬਾਨ ਨਾਲ 'ਪਵਾੜੇ ਪਵਾਉਣ ਵਾਲੀ' ਆਦਿ ਸ਼ਬਦਾਂ ਰਾਹੀਂ ਨਿੰਦਿਆ ਹੈ। ਮਿਰਜ਼ੇ ਨੂੰ ਇੱਕ ਬਹਾਦਰ ਮਰਦ ਮੰਨਿਆ ਜਾਂਦਾ ਹੈ, ਪਰੰਤੂ ਸਾਹਿਬਾ ਨੂੰ ਧੋਖੇਬਾਜ਼ ਅਤੇ ਮਿਰਜ਼ੇ ਦੀ ਮੌਤ ਦਾ ਕਾਰਨ ਮੰਨਿਆ ਜਾਂਦਾ ਹੈ :

> ਚੜਦੇ ਮਿਰਜ਼ੇ ਖਾਨ ਨੂੰ ਜੱਟ ਵੰਝਲ ਦੇਂਦਾ ਮੱਤ।
>
> ਭੱਠ ਰੰਨਾਂ ਦੀ ਦੋਸਤੀ, ਖੁਰੀ ਜਿੰਨ੍ਹਾਂ ਦੀ ਮੱਤ।
>
> ਹੱਸ ਕੇ ਲਾਉਂਦੀਆਂ ਯਾਰੀਆਂ, ਰੋ ਕੇ ਦੇਂਦੀਆਂ ਦੱਸ।
>
> ਜਿਸ ਘਰ ਲਾਈ ਦੋਸਤੀ, ਮੂਲ ਨਾ ਘੱਤੇ ਲੱਤ।
>
> ਲੱਥੀ ਹੱਥ ਨ ਆਵੰਦੀ, ਦਾਨਿਸ਼ਮੰਦਾਂ ਦੀ ਪੱਤ।[5]

ਪੀਲੂ ਨੇ ਔਰਤ ਨੂੰ 'ਧੋਖੇਬਾਜ਼' ਤੇ ਮਰਦ ਨੂੰ 'ਦਾਨਿਸ਼ਮੰਦ' ਦਰਸ਼ਾਇਆ ਹੈ। ਉਸ ਦੀ ਦ੍ਰਿਸ਼ਟੀ ਔਰਤ ਨੂੰ ਘਟੀਆ ਤੇ ਪਖੰਡਨ ਤੇ ਮੌਕੇ ਤੇ ਬਦਲ ਜਾਣ ਵਾਲੀ ਦਰਸ਼ਾਉਂਦੀ ਹੈ। ਪੀਲੂ ਨੇ ਸਾਹਿਬਾ ਨੂੰ ਹੱਦ ਦਰਜੇ ਦੀ ਘਟੀਆ ਤੇ ਧੋਖੇਬਾਜ਼ ਔਰਤ ਪਾਤਰ ਦੇ ਰੂਪ ਵਿੱਚ ਪੇਸ਼ ਕੀਤਾ ਹੈ ਜੋ ਮਿਰਜ਼ੇ ਦੀ ਮੌਤ ਦਾ ਕਾਰਨ ਬਣਦੀ ਹੈ।

ਸੂਫੀ ਕਾਵਿ-ਧਾਰਾ ਵਿੱਚ ਨਾਰੀ ਨੂੰ ਆਤਮਾ ਅਤੇ ਪਰਮਾਤਮਾ ਨੂੰ ਨਰ ਰੂਪ ਵਿੱਚ ਪੇਸ਼ ਕੀਤਾ ਹੈ। ਸੂਫੀ ਕਾਵਿ ਵਿੱਚ ਨਾਰੀ ਰੂਪੀ ਆਤਮਾ ਨਰ ਰੂਪੀ ਪਰਮਾਤਮਾ ਨੂੰ ਮਿਲਣ ਦੀ ਤਾਂਘ ਵਿੱਚ ਪੇਸ਼ ਹੋਈ ਹੈ। ਉਹ ਨਰ ਰੂਪੀ ਪਰਮਾਤਮਾ ਤੋਂ ਬਿਨਾਂ ਅਧੂਰੀ ਅਬਲਾ ਤੇ ਨਿਰਆਸਰਾ ਹੈ। ਸੂਫੀ ਕਾਵਿ-ਧਾਰਾ ਵਿੱਚ ਜੇਕਰ ਨਾਰੀ ਨੂੰ ਬਹੁਤਾ ਨਿੰਦਿਆ ਨਹੀਂ ਗਿਆ ਤਾਂ ਉਸ ਦੇ ਹੱਕਾਂ ਦੀ ਵੀ ਕੋਈ ਬਹੁਤੀ ਗੱਲ ਨਹੀਂ ਕੀਤੀ ਗਈ।

ਗੁਰਮਤਿ ਕਾਵਿ ਵਿਚਾਰਧਾਰਾ ਇੱਕ ਕ੍ਰਾਂਤੀਕਾਰੀ ਵਿਚਾਰਧਾਰਾ ਹੈ। ਜਿਸ ਨੇ ਦੱਬੇ ਕੁਚਲੇ ਵਰਗ ਤੇ ਔਰਤਾਂ ਦੇ ਹੱਕਾਂ ਦੀ ਗੱਲ ਨੂੰ ਵਿਹਾਰਕ ਰੂਪ ਦੇਣ ਤੇ ਜ਼ੋਰ ਦਿੱਤਾ। ਸ਼੍ਰੀ ਗੁਰੂ ਨਾਨਕ ਦੇਵ ਜੀ ਨਾਥਾਂ-ਜੋਗੀਆਂ, ਕਿੱਸਾਕਾਰਾਂ ਤੇ ਸੂਫੀ ਕਵੀਆਂ ਨੇ ਔਰਤ ਨੂੰ ਨੀਚ ਤੇ ਨਰਕ ਪਹੁੰਚਾਉਣ ਵਾਲੀ ਕਿਹਾ। ਉਨ੍ਹਾਂ ਸਭ ਦੇ ਉਲਟ ਗੁਰਮਤਿ ਕਾਵਿ ਧਾਰਾ ਨੇ ਔਰਤ ਨੂੰ 'ਜਗਤ ਜਨਣੀ' ਤੇ ਸਰਵੋਤਮ ਕਿਹਾ। ਸ਼੍ਰੀ ਗੁਰੂ ਨਾਨਕ ਸਾਹਿਬ ਨੇ ਗ੍ਰਹਿਸਤੀ ਮਾਰਗ ਨੂੰ ਸਭ ਤੋਂ ਉੱਤਮ ਕਿਹਾ। ਸ਼੍ਰੀ ਗੁਰੂ ਨਾਨਕ ਨੇ ਗ੍ਰਹਿਸਤ ਮਾਰਗ ਵਿੱਚ

ਰਹਿ ਕੇ ਪਰਮਾਤਮਾ ਨੂੰ ਪ੍ਰਾਪਤ ਕਰਨ ਤੇ ਜ਼ੋਰ ਦਿੱਤਾ। ਸ਼੍ਰੀ ਗੁਰੂ ਨਾਨਕ ਸਾਹਿਬ ਨੇ ਔਰਤ ਦੇ ਹੱਕ ਵਿੱਚ ਕ੍ਰਾਂਤੀਕਾਰੀ ਵਿਚਾਰ ਦਿੱਤੇ :

ਭੰਡਿ ਜੰਮੀਐ ਭੰਡਿ ਨਿਮੀਐ ਭੰਡਿ ਮੰਗਣ ਵਿਆਹੁ।

ਭੰਡਹੁ ਹੋਵੇ ਦੋਸਤੀ ਭੰਡਹੁ ਚਲੈ ਰਾਹੁ।

ਭੰਡ ਮੁਆ ਭੰਡ ਭਾਲੀਐ ਭੰਡਿ ਹੋਵੈ ਬੰਧਾਨ।

ਸੋ ਕਿਉਂ ਮੰਦਾ ਆਖੀਐ ਜਿਤ ਜੰਮਹਿ ਰਾਜਾਨ।[6]

ਸ਼੍ਰੀ ਗੁਰੂ ਨਾਨਕ ਸਾਹਿਬ ਨੇ ਔਰਤ ਤੋਂ ਹੀ ਸੰਸਾਰ ਦੀ ਉਤਪੱਤੀ ਦਾ ਮੁੱਖ ਮੂਲ ਮੰਨਿਆ ਹੈ। ਔਰਤ ਰਾਜਿਆਂ ਤੋਂ ਵੀ ਉੱਤਮ ਹੈ, ਕਿਉਂਕਿ ਇਸ ਨੇ ਰਾਜਿਆਂ ਨੂੰ ਵੀ ਜਨਮ ਦਿੱਤਾ। ਸ਼੍ਰੀ ਗੁਰੂ ਨਾਨਕ ਸਾਹਿਬ ਦੀ ਇਸ ਵਿਚਾਰਧਾਰਾ ਤੇ ਬਾਅਦ ਵਿੱਚ ਦੂਸਰੇ ਗੁਰੂ ਸਾਹਿਬਾਨਾਂ ਨੇ ਵੀ ਪਹਿਰਾ ਦਿੱਤਾ। ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਦਾ ਵਿਰੋਧ ਕੀਤਾ ਤੇ ਔਰਤ ਦੀ ਸਮਾਜਕ ਬਰਾਬਰੀ ਦੀ ਵਿਚਾਰਧਾਰਾ ਨੂੰ ਅੱਗੇ ਤੋਰਿਆ। ਸ਼੍ਰੀ ਰਾਮਦਾਸ ਜੀ ਨੇ ਆਨੰਦ ਕਾਰਜ ਦੀ ਰਸਮ ਸਥਾਪਤ ਕਰਕੇ ਔਰਤ ਨੂੰ ਬਰਾਬਰ ਦਾ ਹੱਕ ਦਿੱਤਾ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਸਮੇਂ ਬਰਾਬਰ ਦਾ ਦਰਜਾ ਦਿੱਤਾ ਤੇ ਸਿੱਖ ਪੰਥ ਵਿੱਚ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਸਵੀਕਾਰ ਕਰਵਾਇਆ।

ਇਸ ਤਰ੍ਹਾਂ ਗੁਰਮਤਿ ਕਾਵਿ ਵਿੱਚ ਗੁਰੂ ਸਾਹਿਬਾਨ ਨੇ ਨਾਰੀ ਪ੍ਰਤੀ ਆਦਰ ਤੇ ਸਤਿਕਾਰ ਦਿੱਤਾ। ਨਾਰੀ ਨੂੰ ਗੁਰੂ ਗ੍ਰੰਥ ਸਾਹਿਬ ਨੇ ਮਰਦ ਦੇ ਬਰਾਬਰ ਦਾ ਸਥਾਨ ਦਿੱਤਾ। ਨਾਰੀ ਤੋਂ ਨਿਰਲੇਪ ਰਹਿ ਕੇ ਪਰਮਾਤਮਾ ਦੀ ਪ੍ਰਾਪਤੀ ਅਸੰਭਵ ਹੈ। ਸੰਸਾਰ ਤਿਆਗਣ ਯੋਗ ਨਹੀਂ ਹੈ ਸਗੋਂ ਤਿਆਗਣ ਯੋਗ ਬੁਰਾਈਆਂ ਹਨ :

ਅੰਜਨਿ ਮਹਿ ਨਿਰੰਜਨਿ ਰਹੀਐ

ਜੋਗ ਜੁਗਤਿ ਇਵ ਪਾਈਐ।[7]

ਗੁਰੂ ਸਾਹਿਬਾਨ ਗ੍ਰਹਿਸਥ ਜੀਵਨ ਨੂੰ ਪ੍ਰਾਥਮਿਕ ਮੰਨਦੇ ਹਨ। ਨਾਰੀ ਦਾ ਨਿਰਾਦਰ ਸਿੱਖ ਧਰਮ ਵਿੱਚ ਅਸਹਿਣਯੋਗ ਹੈ। ਗੁਰੂਆਂ ਨੇ ਔਰਤ ਅਤੇ ਨੀਵੀਆਂ ਨਾਰੀਆਂ ਦਾ ਸਤਿਕਾਰ ਕਰਕੇ ਮੱਧਕਾਲ ਵਿੱਚ ਇੱਕ ਕ੍ਰਾਂਤੀ ਲੈ ਆਂਦੀ। ਵੇਦਾਂ ਵਿੱਚ ਨਾਰੀ ਨੂੰ ਅਰਧਾਂਗਨੀ ਮੰਨਿਆ ਜਾਂਦਾ ਸੀ ਪਰ ਗੁਰੂ ਸਾਹਿਬਾਨ ਨੇ ਔਰਤ ਨੂੰ ਮੁਕਤੀ ਪ੍ਰਾਪਤੀ ਦਾ ਸਾਧਨ ਦੱਸਿਆ ਹੈ :

ਲੋਕ ਵੇਦ ਗੁਣ ਗਿਆਨ ਵਿੱਚ,

ਅਰਧ ਸਰੀਰੀ ਮੋਖ ਦੁਆਰੀ

ਗੁਰਮੁਖ ਸੁਖਫਲ ਨਿਹਚਉ ਨਾਰੀ।[8]

ਗੁਰੂ ਸਾਹਿਬਾਨ ਨੇ ਸਮਾਜ ਵਿੱਚ ਪ੍ਰਚੱਲਿਤ ਅਨੇਕਾਂ ਬੁਰਾਈਆਂ ਵਿਰੁੱਧ ਆਵਾਜ ਉਠਾਈ। ਸਤੀ ਦੀ ਰਸਮ, ਕੁੜੀ ਮਾਰਨਾ, ਪਰਦੇ ਦਾ ਰਿਵਾਜ ਆਦਿ ਰਸਮਾਂ ਦਾ ਖੰਡਨ ਗੁਰੂ ਕਵੀਆਂ ਨੇ ਕੀਤਾ। ਉਸ ਸਮੇਂ ਪਤਨੀ ਨੂੰ ਪਤੀ ਦੀ ਮੌਤ ਮਗਰੋਂ ਉਸਦੀ ਚਿਤਾ ਵਿੱਚ ਸੜਨ ਲਈ ਮਜਬੂਰ ਕੀਤਾ ਜਾਂਦਾ ਸੀ। ਪਰੰਤੂ ਗੁਰੂ ਸਾਹਿਬਾਂ ਅਨੁਸਾਰ ਅਸਲੀ ਸਤੀ ਉਹ ਨਹੀਂ ਹੈ ਜੋ ਪਤੀ ਨਾਲ ਸੜ ਕੇ ਮਰੇ ਸਗੋਂ ਉਹ ਹੈ ਜਿਹੜੀ ਪਤੀ ਦੇ ਵਿਯੋਗ ਦੀਆਂ ਪੀੜਾਂ ਸਹਾਰਦੀ ਹੋਈ ਜ਼ਿੰਦਗੀ ਜਿਉਂਦੀ ਹੈ :

ਸਤੀਆਂ ਏਹਿ ਨਾ ਆਖੀਅਨਿ, ਜੋ ਮੜੀਆ ਲਗਿ ਜਲੰਨਿ,

ਨਾਨਕ ਸਤੀਆਂ ਜਾਣੀਅਨਿ, ਜਿ ਬਿਰਹੁ ਚੋਟ ਮਰੰਨਿ।[9]

ਮੱਧਕਾਲੀ ਸਾਹਿਤ ਵਿੱਚ ਔਰਤ ਨੂੰ ਨਾਥ ਜੋਗੀਆਂ ਦੀ ਬਾਣੀ ਕਿੱਸਾ ਕਾਵਿ, ਸੂਫੀ ਕਾਵਿ ਵਿੱਚ ਨਿੰਦਿਆ ਤੇ ਭੰਡਿਆ ਗਿਆ ਹੈ। ਨਾਥ ਮੱਤ ਦਾ ਦ੍ਰਿਸ਼ਟੀਕੋਣ ਤਾਂ ਪੂਰੀ ਤਰ੍ਹਾਂ ਨਾਰੀ ਵਿਰੋਧੀ ਰਿਹਾ ਹੈ। ਨਾਥ ਬਾਣੀ ਨਾਰੀ ਵਿਰੋਧੀ ਬਾਣੀ ਹੈ। ਨਾਥ ਸੰਪ੍ਰਦਾਇ ਨਾਰੀ ਨੂੰ ਬਘਿਆੜੀ ਤੱਕ ਆਖਦੀ ਹੈ। ਨਾਥ ਮੱਤ ਨਾਰੀ ਨੂੰ ਅੱਯਾਸ਼ੀ ਦਾ ਮੂਲ ਕਾਰਨ ਮੰਨਦਾ ਹੈ। ਨਾਰੀ ਸੰਗਤ ਨਾਥ ਸੰਪ੍ਰਦਾਇ ਵਿੱਚ ਵਰਜਿਤ ਹੈ। ਨਾਥਾਂ ਜੋਗੀਆਂ ਦੀ ਰਚਨਾ ਵਿੱਚ ਨਾਰੀ ਪ੍ਰਤੀ ਘ੍ਰਿਣਾ ਤ੍ਰਿਸਕਾਰ ਦੀਆਂ ਉਦਾਹਰਨਾਂ ਮਿਲਦੀਆਂ ਹਨ :

ਦਿਵਸ ਕੋ ਬਾਘਨਿ ਸੁਰ
ਨਰ ਮੋਹੈ ਰਾਤੀ ਸਾਹਿਬ
ਸੇਖੈ

ਮੂਰਖ ਲੋਕ ਅੰਧਲਾ
ਪਸ਼ੂਆ, ਨਿਤ ਪਰਤ
ਬਾਘਨਿ ਪੇਖੈ।[10]

ਇਉ ਧਰਮ ਸ਼ਾਸਤਰ ਪੁਰਾਣ ਤੇ ਨੀਤੀਆਂ ਸਾਰੀਆਂ ਹੀ ਨਾਰੀ ਦੇ ਵਿਰੁੱਧ ਰਹੀਆਂ ਹਨ। ਜਦੋਂ ਭਾਰਤ ਅੰਦਰ ਇਸਲਾਮ ਦੀ ਆਮਦ ਹੋਈ, ਮੁਗਲਾਂ ਦੇ ਹਮਲੇ ਸ਼ੁਰੂ ਹੋਏ ਤਾਂ ਲੁੱਟ ਖਸੁੱਟ ਤੇ ਬੇਪਤੀ ਦਾ ਸ਼ਿਕਾਰ ਵੀ ਨਾਰੀ ਨੂੰ ਹੀ ਹੋਣਾ ਪਿਆ। ਉਧਾਲੀਆ ਹੋਈਆ ਔਰਤਾਂ ਅਰਬ, ਈਰਾਨ ਤੇ ਹੋਰ ਦੇਸ਼ਾਂ ਦੀਆਂ ਮੰਡੀਆਂ ਵਿੱਚ ਵੀ ਨੀਲਾਮ ਕੀਤੀਆਂ ਜਾਂਦੀਆਂ ਸਨ।

**ਹਵਾਲੇ ਅਤੇ ਟਿੱਪਣੀਆਂ :**

1) Nicholson Studies in Islamic Mysticism, p. 80

2) ਕਲਿਆਣ, ਨਾਰੀ ਅੰਕ (1948), ਪੰਨਾ 50

3) ਉਜਾਗਰ ਸਿੰਘ ਸਹਿਗਲ, ਗੋਰਖ ਬਾਣੀ, ਪੰਨਾ 185

4) ਡਾ. ਗੁਰਮੁਖ ਸਿੰਘ (ਸੰਪਾਦਤ), ਹੀਰ ਵਾਰਸ, ਪੰਨਾ 24

5) ਚਰਨਜੀਤ ਸਿੰਘ ਗੁੰਮਟਾਲਾ (ਸੰਪਾਦਤ), ਮਿਰਜ਼ਾ ਸਾਹਿਬਾ (ਪੀਲੂ), ਪੰਨਾ 78

6) ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473

7) ਸ਼੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮਹੱਲਾ ਪਹਿਲਾ, ਪੰਨਾ 413

8) ਉਹੀ, ਸੂਹੀ ਮਹੱਲਾ ਪਹਿਲਾ, ਪੰਨਾ 730

9) ਉਹੀ, ਵਾਰ ਸੂਹੀ 30, ਪੰਨਾ 787

10) ਡਾ. ਵਨੀਤਾ, ਨਾਰੀਵਾਦ ਤੇ ਸਾਹਿਤ, ਪੰਨਾ 16